ਹਵਾਲਾ ਨੰ: ਪ. ਭ. ਪ. ਭ/1-3
ਮਿਤੀ : 24.3.2022

ਵੱਲ

ਸ੍ਰੀ ਭਗਵੰਤ ਮਾਨ

ਮੱਖ ਮੰਤਰੀ ਪੰਜਾਬ

ਚੰਡੀਗੜ੍ਹ। cmo@punjab.gov.in

**ਬੇਨਤੀ**: ਪੰਜਾਬ ਵਿਚ ਸਥਿਤ ਸਾਰੀਆਂ ਜ਼ਿਲ੍ਹਾ ਪੱਧਰ ਦੀਆਂ ਅਦਾਲਤਾਂ ਵਿਚ ਹੁੰਦੀ ਅਦਾਲਤੀ ਕਾਰਵਾਈ ਪੰਜਾਬੀ ਵਿਚ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ ਜਿਲ੍ਹਾ ਅਦਾਲਤਾਂ ਲਈ ਲੋੜੀਂਦੇ ਕਰੀਬ 2000 ਪੰਜਾਬੀ ਪੜ੍ਹੇ ਮੁਲਾਜ਼ਮ ਭਰਤੀ ਕਰਨ ਲਈ ਬੇਨਤੀ।

**ਸ੍ਰੀ ਮਾਨ ਜੀ**

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਇੱਕ ਅੰਤਰਰਾਸ਼ਟਰੀ ਸੰਸਥਾ ਹੈ ਜੋ ਦੁਨੀਆ ਭਰ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਯਤਨਸ਼ੀਲ ਹੈ।

ਸਭ ਤੋਂ ਪਹਿਲਾਂ ਆਪ ਜਿਹੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਚੜ੍ਹਦੀ ਕਲਾ ਨੂੰ ਸਮਰਪਿਤ ਅਤੇ ਸੰਸਾਰ ਪ੍ਰਸਿਧ ਕਲਾਕਾਰ ਦੇ ਪੰਜਾਬ ਦੇ ਮੁੱਖ ਮੰਤਰੀ ਬਣਨ ਤੇ ਭਾਈਚਾਰਾ ਆਪ ਜੀ ਨੂੰ ਲੱਖ ਲੱਖ ਵਧਾਈ ਦਿੰਦਾ ਹੈ। ਨਾਲ ਆਸ ਰੱਖਦਾ ਹੈ ਕਿ ਤੁਹਾਡੀ ਸਰਕਾਰ ਵਲੋਂ ਭਵਿਖ ਵਿਚ ਲਏ ਜਾਣ ਵਾਲੇ ਫੈਸਲੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁਲਿੱਤ ਕਰਨ ਵਾਲੇ ਹੋਣਗੇ।

ਭਾਈਚਾਰੇ ਵਲੋਂ, ਬੜੀ ਨਿਮਰਤਾ ਸਹਿਤ ਹੇਠ ਲਿਖੀਆਂ ਦੋ ਸਮੱਸਿਆਵਾਂ ਆਪਜੀ ਦੇ ਧਿਆਨ ਵਿਚ ਲਿਆਂਦੀਆਂ ਜਾ ਰਹੀਆਂ ਹਨ।

***ਪਹਿਲੀ ਸਮੱਸਿਆ***

1. ਪੰਜਾਬ ਸਰਕਾਰ ਵੱਲੋਂ ਦਸੰਬਰ 1967 ਵਿਚ, 'ਪੰਜਾਬ ਰਾਜ ਭਾਸ਼ਾ ਐਕਟ 1967' ਬਣਾ ਕੇ ਇਸ ਦੀ ਧਾਰਾ 3 ਰਾਹੀਂ, ਪੰਜਾਬੀ ਭਾਸ਼ਾ ਨੂੰ, ਪੰਜਾਬ ਰਾਜ ਦੀ 'ਰਾਜ ਭਾਸ਼ਾ' ਦਾ ਦਰਜਾ ਦਿੱਤਾ ਸੀ।

2. ਫੇਰ ਇਸ ਐਕਟ ਵਿਚ 'ਪੰਜਾਬ ਰਾਜ ਭਾਸ਼ਾ ਸੋਧ ਐਕਟ 2008' ਰਾਹੀਂ ਮਹੱਤਵਪੂਰਨ ਸੋਧਾਂ ਕੀਤੀਆਂ ਗਈਆਂ। ਧਾਰਾ 3-ਏ ਰਾਹੀਂ ਪੰਜਾਬ ਦੀਆਂ ਸਾਰੀਆਂ ਜ਼ਿਲ੍ਹਾ ਪੱਧਰੀ ਅਦਾਲਤਾਂ ਵਿਚ ਹੁੰਦੀ ਕਾਨੂੰਨੀ ਪ੍ਰਕ੍ਰਿਆ ਅਤੇ

ਅਦਾਲਤ ਵੱਲੋਂ ਸੁਣਾਏ ਜਾਂਦੇ ਫ਼ੈਸਲੇ ਆਦਿ ਨੂੰ ਪੰਜਾਬੀ ਵਿਚ ਕਰਨ/ਲਿਖਣ ਦੀ ਵਿਵਸਥਾ ਕੀਤੀ ਗਈ। ਧਾਰਾ 3-ਏ ਦੀ ਵਿਵਸਥਾ 05 ਨਵੰਬਰ 2008 ਤੋਂ ਲਾਗੂ ਹੈ।

3. ਇੱਕ ਦਹਾਕਾ ਬੀਤ ਜਾਣ ਬਾਅਦ ਵੀ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਇਹ ਵਿਵਸਥਾ ਲਾਗੂ ਨਹੀਂ ਕੀਤੀ ਗਈ ਕਿਉਂਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਇਹ ਵਿਵਸਥਾ ਲਾਗੂ ਕਰਨ ਲਈ ਸਾਲ 2009 ਤੋਂ ਹੀ (ਆਪਣੇ ਪੱਤਰ ਨੰ:29827 ਮਿਤੀ 11.09.2009 ਰਾਹੀਂ) ਪੰਜਾਬ ਸਰਕਾਰ ਨੂੰ ਪੰਜਾਬੀ ਪੜ੍ਹੇ ਕਰੀਬ 2000 ਮੁਲਾਜ਼ਮ ਭਰਤੀ ਕਰਕੇ ਦੇਣ ਲਈ ਆਖ ਰਹੀ ਹੈ। ਪਰ ਬਾਰਾਂ ਸਾਲ ਤੋਂ ਇਹ ਮਾਮਲਾ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੀ ਚੱਲ ਰਿਹਾ ਹੈ। ਨਤੀਜਨ ਆਜ਼ਾਦੀ ਦੇ 75 ਸਾਲ ਬੀਤ ਜਾਣ ਬਾਅਦ ਵੀ ਪੰਜਾਬੀ, ਆਪਣੀ ਮਾਤ ਭਾਸ਼ਾ ਵਿਚ ਇਨਸਾਫ਼ ਪ੍ਰਾਪਤ ਕਰਨ ਦੇ ਆਪਣੇ ਸੰਵਿਧਾਨਕ ਅਧਿਕਾਰ ਤੋਂ ਵਾਂਝੇ ਚਲੇ ਆ ਰਹੇ ਹਨ।

4. ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਆਪ ਜੀ ਦੇ ਧਿਆਨ ਵਿਚ ਵੀ ਲਿਆ ਰਿਹਾ ਹੈ ਕਿ ਮਾਂ ਬੋਲੀ ਦਾ ਸਤਿਕਾਰ ਕਰਨ ਵਾਲੇ ਭਾਰਤ ਦੇ ਘੱਟੋ-ਘੱਟ ਚਾਰ ਰਾਜਾਂ (ਰਾਜਸਥਾਨ, ਬਿਹਾਰ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼) ਨੇ ਜ਼ਿਲ੍ਹਾ ਪੱਧਰੀ ਹੀ ਨਹੀਂ ਸਗੋਂ ਹਾਈ ਕੋਰਟ ਤੱਕ ਹੁੰਦੀ ਸਾਰੀ ਅਦਾਲਤੀ ਕਾਰਵਾਈ ਨੂੰ ਆਪਣੀ ਮਾਤ ਭਾਸ਼ਾ (ਹਿੰਦੀ) ਵਿਚ ਕੀਤੇ ਜਾਣ ਦੀ ਵਿਵਸਥਾ ਲੰਬੇ ਸਮੇਂ ਤੋਂ ਕੀਤੀ ਹੋਈ ਹੈ। ਦੂਜੇ ਪਾਸੇ ਪੰਜਾਬ ਨੇ ਹਾਲੇ ਗੋਹੜੇ ਵਿਚੋਂ ਪੂਣੀ ਵੀ ਨਹੀਂ ਕੱਤੀ।

***ਕ੍ਰਿਪਾ ਕਰਕੇ ਇਸ ਮੱਹਤਵ ਪੂਰਨ ਮਸਲੇ ਵਲ ਪਹਿਲ ਦੇ ਅਧਾਰ ਤੇ ਧਿਆਨ ਦੇ ਕੇ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਲਈ ਤੁਰੰਤ 2000 ਮੁਲਾਜ਼ਮਾਂ ਦੀ ਭਰਤੀ ਕੀਤੀ ਜਾਵੇ ਤਾਂ ਜੋ ਇੱਕ ਪਾਸੇ ਲੋਕਾਂ ਨੂੰ ਇਨਸਾਫ਼ ਆਪਣੀ ਮਾਤ ਭਾਸ਼ਾ ਵਿਚ ਮਿਲਣ ਲੱਗੇ ਅਤੇ ਦੂਜੇ ਪਾਸੇ ਪੰਜਾਬੀ ਪੜ੍ਹੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਉਪਲੱਬਧ ਹੋ ਸਕਣ।***

***ਦੂਜੀ ਸਮੱਸਿਆ***

1. ਪੰਜਾਬ ਰਾਜ ਭਾਸ਼ਾ ਐਕਟ ਦੀ ਧਾਰਾ 5 ਰਾਹੀਂ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੇ ਜਾਂਦੇ ਬਿਲਾਂ, ਐਕਟਾਂ, ਆਰਡੀਨੈਂਸਾਂ ਅਤੇ ਹੁਕਮਾਂ ਆਦਿ ਦੀ ਭਾਸ਼ਾ ਪੰਜਾਬੀ ਕੀਤੇ ਜਾਣ ਦੀ ਵਿਵੱਸਥਾ ਕੀਤੀ ਗਈ ਸੀ। 54 ਸਾਲ ਬੀਤ ਜਾਣ ਬਾਅਦ ਵੀ ਪੰਜਾਬ ਸਰਕਾਰ ਵੱਲੋਂ ਇਹ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ। ਨਤੀਜੇ ਵਜੋਂ ਪੰਜਾਬ ਸਰਕਾਰ ਵੱਲੋਂ ਬਣਾਏ ਜਾ ਰਹੇ ਨਵੇਂ ਕਾਨੂੰਨ ਪੰਜਾਬੀ ਵਿਚ ਉਪਲੱਬਧ ਨਹੀਂ ਹੋ ਰਹੇ।

***ਕ੍ਰਿਪਾ ਕਰਕੇ ਇਸ ਮੱਹਤਵ ਪੂਰਨ ਮਸਲੇ ਵਲ ਵੀ ਪਹਿਲ ਦੇ ਅਧਾਰ ਤੇ ਧਿਆਨ ਦੇ ਕੇ ਇਹ ਨੋਟੀਫਕੇਸ਼ਨ ਜਾਰੀ ਕੀਤੀ ਜਾਵੇ ਤਾਂ ਜੋ ਲੋਕਾਂ ਨੂੰ ਨਵੇਂ ਕਾਨੂੰਨ ਆਪਣੀ ਮਾਤ ਭਾਸ਼ਾ ਵਿਚ ਮਿਲ ਸਕਣ।***

ਬਹੁਤ ਹੀ ਉਸਾਰੂ ਹੁੰਘਾਰੇ ਦੀ ਆਸ ਨਾਲ।

ਪ੍ਰਾਰਥੀ

(ਆਰ.ਪੀ.ਸਿੰਘ) (ਕੁਲਵਿੰਦਰ ਸਿੰਘ ਸਿੱਧੂ) (ਮਿੱਤਰ ਸੈਨ ਮੀਤ)

ਉਪਰੋਕਤ ਦਾ ਉਤਾਰਾ ਨਿਮਰਤਾ ਸਹਿਤ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ। cs@punjab.gov.in
2. ਸਕੱਤਰ, ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ, ਚੰਡੀਗੜ੍ਹ।

   pshe@punjab.gov.in;